ਪਰਿਵਾਰਾਂ ਵਾਸਤੇ ਨੁਕਤੇ:

# ਇੱਕ ਤੋਂ ਵਧੇਰੇ ਭਾਸ਼ਾਵਾਂ ਬੋਲਣ ਵਾਲੇ ਬੱਚੇ ਦਾ ਪਾਲਣ -ਪੋਸ਼ਣ ਕਰਨਾ

ਬੱਚੇ ਨੂੰ ਇੱਕ ਤੋਂ ਵੱਧ ਭਾਸ਼ਾਵਾਂ ਸਿੱਖਣ ਵਿੱਚ ਮਦਦ ਕਰਨ ਦੇ ਕਈ ਤਰੀਕੇ ਹਨ। ਹਮੇਸ਼ਾ ਉਹੀ ਕਰੋ ਜੋ ਤੁਹਾਡੇ ਪਰਿਵਾਰ ਲਈ ਸਭ ਤੋਂ ਵਧੀਆ ਹੈ!

## ਮਾਪਿਆਂ ਲਈ ਸੁਝਾਅ

**ਯਕੀਨੀ ਬਣਾਓ ਕਿ ਬੱਚੇ ਜਿੰਨੀ ਜਲਦੀ ਹੋ ਸਕੇ ਆਪਣੀ ਘਰੇਲੂ ਭਾਸ਼ਾ ਨੂੰ ਬਹੁਤ ਜ਼ਿਆਦਾ ਸੁਣਦੇ ਹਨ।**

**ਕਿਉਂ?** ਬੱਚੇ ਦਾ ਦਿਮਾਗ ਜਨਮ ਵੇਲੇ ਭਾਸ਼ਾਵਾਂ ਸਿੱਖਣ ਲਈ ਤਿਆਰ ਹੁੰਦਾ ਹੈ।

**ਜੇ ਤੁਸੀਂ ਘਰ ਵਿੱਚ ਦੋ ਭਾਸ਼ਾਵਾਂ ਬੋਲਦੇ ਹੋ, ਤਾਂ ਹਰੇਕ ਭਾਸ਼ਾ ਵਿੱਚ ਬਹੁਤ ਸਾਰੀਆਂ ਗੱਲਾਂ ਕਰੋ।**

**ਕਿਉਂ?** ਜੇ ਕੋਈ ਬੱਚਾ ਇੱਕੋ ਸਮੇਂ 'ਤੇ ਦੋਨੋਂ ਭਾਸ਼ਾਵਾਂ ਸੁਣਦਾ ਹੈ ਤਾਂ ਭਾਸ਼ਾ ਸਿੱਖਣ ਵਾਸਤੇ ਇਹ ਸਭ ਤੋਂ ਵਧੀਆ ਹੁੰਦਾ ਹੈ। ਮਾਪਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਘੱਟੋ ਘੱਟ 30% ਸਮਾਂ ਦੂਜੀ ਭਾਸ਼ਾ ਬੋਲਣ ਵਿੱਚ ਬਿਤਾਉਣਾ ਚਾਹੀਦਾ ਹੈ।

**ਯਕੀਨੀ ਬਣਾਓ ਕਿ ਬੱਚੇ ਅਸਲ ਜੀਵਨ ਵਿੱਚ ਸ਼ਬਦ ਸੁਣਦੇ ਹਨ - ਸਕ੍ਰੀਨਾਂ 'ਤੇ ਨਿਰਭਰ ਨਾ ਕਰੋ।**

**ਕਿਉਂ?** ਛੋਟੇ ਬੱਚਿਆਂ ਵਾਸਤੇ ਕੋਈ ਭਾਸ਼ਾ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਆਪਣੇ ਆਸ-ਪਾਸ ਦੇ ਲੋਕਾਂ ਨੂੰ ਉਹਨਾਂ ਨਾਲ, ਅਤੇ ਇੱਕ ਦੂਜੇ ਨਾਲ ਗੱਲ ਕਰਦੇ ਸੁਣਨਾ। ਇਸ ਤੋਂ **ਵੀ ਬਿਹਤਰ:** ਜਦ ਮਾਪੇ ਜਾਂ ਸੰਭਾਲ ਕਰਤਾ ਆਪਣੀ ਘਰੇਲੂ ਭਾਸ਼ਾ ਵਿੱਚ ਕਹਾਣੀਆਂ ਪੜ੍ਹਦੇ ਅਤੇ ਸੁਣਾਉਂਦੇ ਹਨ, ਤਾਂ ਬੱਚੇ ਵਧੇਰੇ ਅਤੇ ਵਿਭਿੰਨ ਕਿਸਮਾਂ ਦੇ ਸ਼ਬਦਾਂ ਨੂੰ ਸੁਣਦੇ ਹਨ।

## ਵਿਹਾਰਕ ਵਿਚਾਰ:

**ਇੱਕ ਬਾਲਗ, ਇੱਕ ਭਾਸ਼ਾ:** ਪਰਿਵਾਰ ਵਿੱਚ ਇੱਕ ਬਾਲਗ ਇੱਕ ਭਾਸ਼ਾ ਬੋਲ ਸਕਦਾ ਹੈ ਜਦਕਿ ਦੂਜਾ ਬਾਲਗ ਦੂਜੀ ਭਾਸ਼ਾ ਬੋਲ ਸਕਦਾ ਹੈ। ਇਸ ਤਰੀਕੇ ਨਾਲ ਬੱਚਾ ਹਰ ਰੋਜ਼ ਦੋਵੇਂ ਭਾਸ਼ਾਵਾਂ ਸੁਣਦਾ ਹੈ।

**ਇੱਕ ਬਾਲਗ, ਦੋਨੋਂ ਭਾਸ਼ਾਵਾਂ:** ਪਰਿਵਾਰ ਵਿੱਚ ਇੱਕ ਬਾਲਗ ਦੋਨਾਂ ਭਾਸ਼ਾਵਾਂ ਦਾ ਮਿਸ਼ਰਣ ਬੋਲ ਸਕਦਾ ਹੈ। ਸੁਝਾਅ: ਵਾਕਾਂ ਦੇ ਵਿਚਕਾਰ ਭਾਸ਼ਾਵਾਂ ਨੂੰ ਮਿਲਾਉਣਾ ਬਿਹਤਰ ਹੈ (ਜਿਵੇਂ, "ਉੱਥੇ ਦੇਖੋ, ਇੱਕ ਕੁੱਤਾ! Un chien!") ਵਾਕਾਂ ਦੇ ਅੰਦਰ ਦੀ ਬਜਾਏ ("ਉਥੇ ਦੇਖੋ, ਅਨ ਚਿਨ! ਇੱਕ ਕੁੱਤਾ!")।

**ਦੋਨੋ ਵਿਚਾਰ ਅਜ਼ਮਾਓ। ਕਿਉਂ?** ਬੱਚੇ ਨੂੰ ਇੱਕ ਤੋਂ ਵੱਧ ਭਾਸ਼ਾਵਾਂ ਸਿੱਖਣ ਵਿੱਚ ਮਦਦ ਕਰਨ ਦੇ ਕਈ ਤਰੀਕੇ ਹਨ। ਉੱਪਰ ਸੂਚੀਬੱਧ ਦੋਨਾਂ ਵਿਚਾਰਾਂ ਦੀ ਵਰਤੋਂ ਕਰਨਾ ਠੀਕ ਹੈ।

**ਉਹਨਾਂ ਕਿਰਿਆਵਾਂ ਵਿੱਚ ਸ਼ਾਮਲ ਹੋਵੋ ਜਿੱਥੇ ਤੁਹਾਡਾ ਬੱਚਾ ਘਰ ਤੋਂ ਬਾਹਰ ਆਪਣੀ ਘਰੇਲੂ ਭਾਸ਼ਾ ਸੁਣ ਸਕਦਾ ਹੈ।** ਦਾਦਾ-ਦਾਦੀ ਜਾਂ ਨਾਨਾ-ਨਾਨੀ ਜਾਂ ਹੋਰ ਰਿਸ਼ਤੇਦਾਰਾਂ ਨਾਲ ਗੱਲ ਕਰੋ। ਸਥਾਨਕ ਭਾਈਚਾਰਕ ਸਮਾਗਮਾਂ 'ਤੇ ਜਾਓ (ਜਿਵੇਂ ਕਿ ਮੁਫ਼ਤ ਲਾਇਬ੍ਰੇਰੀ ਪ੍ਰੋਗਰਾਮ, ਸੱਭਿਆਚਾਰਕ ਤਿਉਹਾਰ ਅਤੇ ਹੋਰ)। ਉਹੀ ਭਾਸ਼ਾ ਬੋਲਣ ਵਾਲੇ ਦੂਜੇ ਲੋਕਾਂ ਨਾਲ ਗੱਲਬਾਤ ਕਰੋ (ਉਦਾਹਰਨ ਲਈ, ਇੱਕ ਬੇਬੀਸਿਟਰ ਜੋ ਪੰਜਾਬੀ ਬੋਲਦਾ ਹੈ; ਇੱਕ ਫਰਾਂਸੀਸੀ ਅਧਿਆਪਕ ਤੋਂ ਪਿਆਨੋ ਸਬਕ; ਇੱਕ ਮੈਂਡਰਿਨ ਬੋਲਣ ਵਾਲਾ ਫੁਟਬਾਲ ਕੋਚ)।
**ਕਿਉਂ?** ਜਿੰਨਾ ਜ਼ਿਆਦਾ ਇੱਕ ਬੱਚਾ ਦੂਜਿਆਂ ਦੁਆਰਾ ਬੋਲੀ ਜਾਂਦੀ ਭਾਸ਼ਾ ਸੁਣਦਾ ਹੈ, ਓਨਾ ਹੀ ਇਹ ਉਹਨਾਂ ਨੂੰ ਸਿੱਖਣ ਵਿੱਚ ਮਦਦ ਕਰਦਾ ਹੈ।

ਸ਼ੁਰੂਆਤੀ ਸਾਖਰਤਾ ਅਤੇ ਭਾਸ਼ਾ ਦੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.childrensliteracy.ca 'ਤੇ ਕੈਨੇਡੀਅਨ ਚਿਲਡਰਨ ਲਿਟਰੇਸੀ ਫਾਊਂਡੇਸ਼ਨ 'ਤੇ ਜਾਓ।

Canadian Children's Literacy Foundation
Fondation pour l'alphabétisation des enfants canadiens

## ਆਮ ਸਵਾਲ:

# ਇੱਕ ਤੋਂ ਵਧੇਰੇ ਭਾਸ਼ਾਵਾਂ ਬੋਲਣ ਵਾਲੇ ਬੱਚੇ ਦਾ ਪਾਲਣ-ਪੋਸ਼ਣ ਕਰਨਾ

| ਸਵਾਲ | ਜਵਾਬ |
|---|---|
| ਮੇਰੇ ਬੱਚੇ ਨੂੰ ਅੰਗਰੇਜ਼ੀ ਜਾਂ ਫਰੈਂਚ ਤੋਂ ਬਿਨਾਂ ਕੋਈ ਹੋਰ ਭਾਸ਼ਾ ਕਿਉਂ ਬੋਲਣੀ ਚਾਹੀਦੀ ਹੈ? | ਇੱਕ ਤੋਂ ਵਧੇਰੇ ਭਾਸ਼ਾਵਾਂ ਬੋਲਣ ਦੇ ਬਹੁਤ ਸਾਰੇ ਲਾਭ ਹਨ! ਇਹਨਾਂ ਵਿੱਚ ਬੌਧਿਕ, ਸਮਾਜਕ-ਭਾਵਨਾਤਮਕ, ਪੇਸ਼ੇਵਰਾਨਾ, ਸੱਭਿਆਚਾਰਕ, ਅਤੇ ਨਿੱਜੀ ਲਾਭ ਸ਼ਾਮਲ ਹਨ। |
| ਅਸੀਂ ਘਰ ਵਿੱਚ ਅੰਗ੍ਰੇਜ਼ੀ ਜਾਂ ਫ੍ਰੈਂਚ ਨਹੀਂ ਬੋਲਦੇ। ਕੀ ਇਸਦਾ ਮਤਲਬ ਇਹ ਹੈ ਕਿ ਮੇਰੇ ਬੱਚੇ ਨੂੰ ਸਕੂਲ ਵਿਖੇ ਅੰਗਰੇਜ਼ੀ ਜਾਂ ਫਰੈਂਚ ਸਿੱਖਣ ਵਿੱਚ ਮੁਸ਼ਕਿਲ ਆਵੇਗੀ? | ਨਹੀਂ। ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਡਾ ਬੱਚਾ ਜਨਮ ਤੋਂ ਹੀ ਘਰ ਵਿੱਚ, ਕਿਸੇ ਵੀ ਭਾਸ਼ਾ ਵਿੱਚ, ਬਹੁਤ ਸਾਰੇ ਸ਼ਬਦ ਸੁਣਦਾ ਹੈ। ਜਦ ਕੋਈ ਬੱਚਾ ਆਪਣੀ ਘਰੇਲੂ ਭਾਸ਼ਾ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਤਾਂ ਇਹ ਉਹਨਾਂ ਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਭਾਸ਼ਾ ਦਾ ਸੰਚਾਰ ਕਿਵੇਂ ਅਤੇ ਕਿਉਂ ਕਰਨਾ ਹੈ ਅਤੇ ਇਸਦੀ ਵਰਤੋਂ ਕਿਵੇਂ ਕਰਨੀ ਹੈ। ਇਹ ਉਹਨਾਂ ਨੂੰ ਆਪਣੀ ਸਕੂਲੀ ਭਾਸ਼ਾ ਨੂੰ ਬਹੁਤ ਤੇਜ਼ੀ ਨਾਲ ਗ੍ਰਹਿਣ ਕਰਨ ਵਿੱਚ ਮਦਦ ਕਰਦਾ ਹੈ, ਖਾਸ ਕਰਕੇ ਇਸ ਕਰਕੇ ਕਿਉਂਕਿ ਬੱਚਾ ਇਸਦੇ ਆਸ-ਪਾਸ ਹੋਵੇਗਾ ਅਤੇ ਉਸ ਕੋਲ ਸਕੂਲ ਵਿਖੇ ਪ੍ਰੈਕਟਿਸ ਕਰਨ ਦੇ ਬਹੁਤ ਸਾਰੇ ਮੌਕੇ ਹੋਣਗੇ। |
| ਅਸੀਂ ਘਰ ਵਿੱਚ ਦੋ ਭਾਸ਼ਾਵਾਂ ਬੋਲਦੇ ਹਾਂ। ਕੀ ਇਸਦਾ ਮਤਲਬ ਇਹ ਹੈ ਕਿ ਜਦੋਂ ਮੇਰਾ ਬੱਚਾ ਸਕੂਲ ਸ਼ੁਰੂ ਕਰਦਾ ਹੈ ਤਾਂ ਉਸ ਨੂੰ ਦੂਜੇ ਬੱਚਿਆਂ ਨਾਲੋਂ ਘੱਟ ਸ਼ਬਦ ਪਤਾ ਹੋਣਗੇ? | ਨਹੀਂ। ਘਰ ਵਿੱਚ ਇੱਕ ਤੋਂ ਵੱਧ ਭਾਸ਼ਾਵਾਂ ਸੁਣਨ ਵਾਲੇ ਬੱਚੇ ਅਕਸਰ ਓਨੇ ਹੀ ਸ਼ਬਦ ਜਾਣਦੇ ਹਨ ਜਿੰਨਾ ਇੱਕ ਬੱਚਾ ਜੋ ਘਰ ਵਿੱਚ ਸਿਰਫ਼ ਇੱਕ ਭਾਸ਼ਾ ਸੁਣਦਾ ਹੈ। ਕਈ ਵਾਰ ਉਹ ਹੋਰ ਵੀ ਸ਼ਬਦ ਜਾਣਦੇ ਹਨ! ਇੱਥੇ ਇੱਕ ਉਦਾਹਰਨ ਹੈ: ਦੋ ਬੱਚੇ ਪੱਕੇ ਦੋਸਤ ਹਨ। ਇੱਕ ਅਜਿਹੇ ਪਰਿਵਾਰ ਵਿੱਚੋਂ ਆਉਂਦਾ ਹੈ ਜੋ ਅੰਗਰੇਜ਼ੀ ਅਤੇ ਫਾਰਸੀ ਬੋਲਦਾ ਹੈ। ਦੂਜਾ ਇੱਕ ਅਜਿਹੇ ਪਰਿਵਾਰ ਵਿੱਚੋਂ ਆਉਂਦਾ ਹੈ ਜੋ ਕੇਵਲ ਅੰਗਰੇਜ਼ੀ ਬੋਲਦਾ ਹੈ। ਜਦ ਉਹ ਸਕੂਲ ਸ਼ੁਰੂ ਕਰਦੇ ਹਨ, ਤਾਂ ਦੋਨਾਂ ਬੱਚਿਆਂ ਨੂੰ ਸ਼ਬਦਾਂ ਦੀ ਲੱਗਭਗ ਇੱਕੋ ਜਿੰਨੀ ਕੁੱਲ ਸੰਖਿਆ ਦਾ ਪਤਾ ਹੋਵੇਗਾ। ਫਰਕ ਸਿਰਫ ਇੰਨਾ ਹੈ ਕਿ ਇਕ ਬੱਚੇ ਦੇ ਸ਼ਬਦ ਅੰਗਰੇਜ਼ੀ ਅਤੇ ਫਾਰਸੀ ਵਿਚ ਹੋਣਗੇ, ਅਤੇ ਦੂਜੇ ਬੱਚੇ ਦੇ ਸ਼ਬਦ ਸਾਰੇ ਅੰਗਰੇਜ਼ੀ ਹੋਣਗੇ।<br>ਇੱਕ ਵਾਰ ਜਦੋਂ ਉਹ ਸਕੂਲ ਸ਼ੁਰੂ ਕਰਦੇ ਹਨ, ਤਾਂ ਉਹ ਬੱਚਾ ਜੋ ਫਾਰਸੀ ਅਤੇ ਅੰਗਰੇਜ਼ੀ ਦੋਵੇਂ ਬੋਲਦਾ ਹੈ, ਅੰਗਰੇਜ਼ੀ ਵਿੱਚ ਬਰਾਬਰੀ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿਉਂਕਿ ਉਹ ਭਾਸ਼ਾ ਦੇ ਆਲੇ-ਦੁਆਲੇ ਵਧੇਰੇ ਹੋਣਗੇ। |
| ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇੱਕ ਤੋਂ ਵੱਧ ਭਾਸ਼ਾਵਾਂ ਬੋਲਦੇ ਹਾਂ, ਤਾਂ ਕੀ ਉਹ ਉਲਝਣ ਵਿੱਚ ਪੈ ਜਾਣਗੇ ਅਤੇ ਉਨ੍ਹਾਂ ਦੇ ਭਾਸ਼ਾ ਦੇ ਮਾੜੇ ਹੁਨਰ ਹੋਣਗੇ? | ਨਹੀਂ। ਜਿਹੜੇ ਬੱਚੇ ਇੱਕ ਤੋਂ ਵਧੇਰੇ ਭਾਸ਼ਾਵਾਂ ਸੁਣਦੇ ਹਨ, ਉਹਨਾਂ ਕੋਲ ਕੇਵਲ ਇੱਕ ਭਾਸ਼ਾ ਬੋਲਣ ਵਾਲੇ ਬੱਚਿਆਂ ਦੇ ਮੁਕਾਬਲੇ ਆਪਣੇ ਭਾਸ਼ਾਈ ਹੁਨਰਾਂ ਵਿੱਚ ਦੇਰੀ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਇਹ ਚੰਗੀ ਖ਼ਬਰ ਹੈ! |

ਸ਼ੁਰੂਆਤੀ ਸਾਖਰਤਾ ਅਤੇ ਭਾਸ਼ਾ ਦੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.childrensliteracy.ca 'ਤੇ ਕੈਨੇਡੀਅਨ ਚਿਲਡਰਨ ਲਿਟਰੇਸੀ ਫਾਉਂਡੇਸ਼ਨ 'ਤੇ ਜਾਓ।

Canadian Children's Literacy Foundation
Fondation pour l'alphabétisation des enfants canadiens